ਵੱਲੋਂ

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਨੰ:1, ਭਵਨ ਤੇ ਮਾਰਗ ਸ਼ਾਖਾ,
ਪਟਿਆਲਾ।

ਵੱਲ

ਸ੍ਰੀਮਤੀ ਕਿਰਨ ਸਿੰਗਲਾ ਪਤਨੀ ਸ੍ਰੀ ਦਰਸ਼ਨ ਕੁਮਾਰ ਸਿੰਗਲਾ
ਵਾ ਅਸਿਸ ਸਿੰਗਲਾ ਪੁੱਤਰ ਸ੍ਰੀ ਦਰਸ਼ਨ ਕੁਮਾਰ ਸਿੰਗਲਾ,
ਵਾਸੀ ਮਕਾਨ ਨੰ: 10-ਜੀ, ਮਾਡਲ ਟਾਊਨ,
ਪਟਿਆਲਾ।

ਨੰਬਰ: 11878 ਮਿਤੀ: 8/3/2016

ਵਿਸ਼ਾ: ਨਾਰਦਨ ਬਾਈਪਾਸ ਉੱਤੇ ਸ੍ਰੀਮਤੀ ਕਿਰਨ ਸਿੰਗਲਾ ਪਤਨੀ ਸ੍ਰੀ ਦਰਸ਼ਨ ਕੁਮਾਰ ਸਿੰਗਲਾ ਵਾ ਅਸਿਸ ਸਿੰਗਲਾ ਪੁੱਤਰ ਸ੍ਰੀ ਦਰਸ਼ਨ ਕੁਮਾਰ ਸਿੰਗਲਾ, ਵਾਸੀ ਮਕਾਨ ਨੰ: 10-ਜੀ, ਮਾਡਲ ਟਾਊਨ, ਪਟਿਆਲਾ ਵੱਲੋਂ ਨਾਰਦਨ ਬਾਈ ਪਾਸ ਦੇ ਲਗਦੇ ਪਲਾਟ ਨੂੰ ਰਸਤਾ ਦੇਣ ਸਬੰਧੀ ਐਨ.ਓ.ਸੀ.।

ਹਵਾਲਾ: ਆਪ ਦਾ ਪੱਤਰ ਮਿਤੀ:

ਉਪਰੋਕਤ ਵਿਸ਼ੇ ਸਬੰਧੀ ਐਨ.ਓ.ਸੀ. ਦੇ ਕੇਸ ਦੀ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ ਨੰ: 2, (ਭ ਤੇ ਮ) ਪਟਿਆਲਾ ਦੀ ਸਿਫ਼ਾਰਸ਼ ਨੂੰ ਮੁੱਖ ਰੱਖਦੇ ਹੋਏ ਵਿਸ਼ੇ ਅਧੀਨ ਪ੍ਰਾਪਰਟੀ ਨੂੰ ਰਸਤਾ ਦੇਣ ਦੀ ਮੰਨਜ਼ੂਰੀ ਹੇਠ ਲਿਖੀਆਂ ਸ਼ਰਤਾਂ ਤੇ ਦਿੱਤੀ ਜਾਂਦੀ ਹੈ:-

1. ਬਿਨੈਕਾਰ ਵੱਲੋਂ ਡਰਾਫਟ ਨੰਬਰ 204268 ਮਿਤੀ: 05.03.2016 ਰਾਹੀਂ ਰਕਮ ਰੁਪਏ 30,000/- (ਤੀਹ ਹਜ਼ਾਰ ਰੁਪਏ ਸਿਰਫ਼) ਦਾ ਡਰਾਫਟ ਦਿੱਤਾ ਗਿਆ ਹੈ।
2. ਇਹ ਐਨ.ਓ.ਸੀ. 10 ਫੁੱਟ ਚੌੜੇ ਰਸਤੇ ਲਈ ਹੈ।
3. ਇਹ ਕੱਚਾ ਰਸਤੇ ਨੂੰ ਤਿਆਰ ਕਰਨ ਲਈ ਖਰਚਾ ਆਪਣੇ ਆਪ ਕਰੋਗੇ ਅਤੇ ਰਸਤਾ ਸੜਕ ਤੋਂ ਉੱਚਾ ਨਹੀਂ ਹੋਣਾ ਚਾਹੀਦਾ/ਢਲਾਣ ਸੜਕ ਵੱਲ ਨਹੀਂ ਹੋਣੀ ਚਾਹੀਦੀ।
4. ਨਿਕਟ ਭਵਿੱਖ ਵਿੱਚ ਜੇਕਰ ਸੜਕ ਨੂੰ ਚੌੜਾ ਕਰਨਾ ਜਾਂ ਕਿਸੇ ਸਰਕਾਰੀ ਕੰਮ ਵਿੱਚ ਇਸ ਰਸਤੇ ਨੂੰ ਬੰਦ ਕਰਨਾ ਪੈਂਦਾ ਹੈ ਜਾਂ ਹਟਾਉਣਾ ਪੈਂਦਾ ਹੈ। ਇਹ ਸਭ ਤੁਸੀਂ ਆਪਣੇ ਨਿੱਜੀ ਖਰਚੇ ਤੇ ਕਰਵਾ ਕੇ ਦਿਉਗੇ ਅਤੇ ਇਸ ਸਬੰਧੀ ਕੋਈ ਕਲੇਮ ਸਰਕਾਰ ਵੱਲੋਂ ਨਹੀਂ ਦਿੱਤਾ ਜਾਵੇਗਾ।
5. ਇਹ ਰਸਤੇ ਦੀ ਮੰਨਜ਼ੂਰੀ ਅਣ ਪ੍ਰਵਾਨਿਤ ਕਾਲੋਨੀ, ਜਾਂ ਇਮਾਰਤ ਉਸਾਰੀ ਲਈ ਨਹੀਂ ਹੈ।
6. ਰਸਤਾ ਕੱਢਣ ਲਈ ਸਰਕਾਰੀ ਸੁਪਰਵਾਈਜ਼ਰ/ਜੇ.ਈ. ਦੀ ਮੌਜੂਦਗੀ ਵਿੱਚ ਕਾਰਵਾਈ ਕੀਤੀ ਜਾਵੇ।
7. ਕਿਉਂਕਿ ਸੜਕ ਦੇ ਆਸ ਪਾਸ ਦਰੱਖਤ/ਬੂਟੇ ਆਦਿ ਲੱਗੇ ਹੋਏ ਹਨ। ਇਸ ਲਈ ਐਨ.ਓ.ਸੀ ਵਣ ਵਿਭਾਗ ਤੋਂ ਵੀ ਲੈਣਾ ਜ਼ਰੂਰੀ ਹੋਵੇਗਾ।
8. ਬੋਰੋਪਿਟਸ ਵਿੱਚ ਲੋੜੀਂਦੇ ਕਰਾਸ ਡਰੇਨਜ਼ ਦਾ ਆਪਣੇ ਖਰਚੇ ਉੱਤੇ ਯੋਗ ਪ੍ਰਬੰਧ ਕੀਤਾ ਜਾਵੇ।

Singla Kiran Singla

Scanned by CamScanner

9. ਕੋਈ ਵੀ ਉਸਾਰੀ ਕੱਚੀ ਜਾਂ ਪੱਕੀ ਸਰਕਾਰੀ ਜਗ੍ਹਾਂ ਤੋਂ ਪੰਜ ਮੀਟਰ ਛੱਡਕੇ ਅਤੇ ਪ੍ਰਮਾਣਤ ਡਰਾਇੰਗਾਂ ਅਨੁਸਾਰ ਕੀਤੀ ਜਾਵੇ।

10. ਮਾਲਕ ਨੂੰ ਆਈ.ਆਰ.ਸੀ. ਪੁੱਡਾ ਅਤੇ ਲੋਕ ਨਿਰਮਾਣ ਵਿਭਾਗ ਦੀਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਨੀ ਹੋਵੇਗੀ।

11. ਦੁਕਾਨਾਂ ਦਾ ਪਾਣੀ ਜਾਂ ਕੂੜਾ ਕਰਕਟ ਆਦਿ ਸੜਕ ਤੇ ਜਾਂ ਸੜਕ ਦੀਆ ਬਰਮਾਂ ਉੱਤੇ ਸੁਟਿਆ ਨਾ ਜਾਵੇ।

12. ਸਰਵਿਸ ਰੋਡ ਦੀ ਉਸਾਰੀ ਸਮੇਂ ਇਹ ਧਿਆਨ ਰੱਖਿਆ ਜਾਵੇ ਕਿ ਆਵਾਜਾਈ ਵਿੱਚ ਕੋਈ ਵਿਘਨ ਨਾ ਪਵੇ ਅਤੇ ਪਬਲਿਕ ਨੂੰ ਕੋਈ ਔਕੜ ਪੇਸ਼ ਨਾ ਆਵੇ।

13. ਉਪਰੋਕਤ ਤੋਂ ਇਲਾਵਾ ਬਿਲਡਿੰਗ ਦੀ ਉਸਾਰੀ ਵਿਭਾਗ ਤੋਂ ਪ੍ਰਾਪਤ ਮੰਨਜ਼ੂਰ ਸੁਦਾ ਨਕਸ਼ਿਆ ਮੁਤਾਬਿਕ ਕਿਸੇ ਮੰਨਜ਼ੂਰ ਸੁਦਾ ਸੰਸਥਾ/ਇੰਜੀਨੀਅਰ ਤੋਂ ਸਟਰਕਚਰਲ ਡਿਜਾਇੰਨ ਕਰਵਾਉਂਣ ਉਪਰੰਤ ਉਹਨਾਂ ਦੀ ਦੇਖ ਰੇਖ ਵਿੱਚ ਹੀ ਕੀਤਾ ਜਾਵੇ।

14. ਜੇਕਰ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੋਰ ਕੋਈ ਫੰਡ ਜਮ੍ਹਾਂ ਕਰਵਾਉਂਣੇ ਪੈਣਗੇ ਤਾਂ ਬਿਨੈਕਾਰ ਨੂੰ ਉਹ ਫੰਡ ਤੁਰੰਤ ਪ੍ਰਭਾਵ ਤੋਂ ਜਮ੍ਹਾਂ ਕਰਵਾਉਣ ਲਈ ਪਾਬੰਦ ਹੋਵੇਗਾ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਇਹ ਜਾਰੀ ਮੰਨਜ਼ੂਰੀ ਰੱਦ ਕਰ ਦਿੱਤੀ ਜਾਵੇਗੀ।

ਜੇਕਰ ਉਪਰੰਤ ਲਿਖੀਆਂ ਹਦਾਇਤਾਂ/ਸ਼ਰਤਾਂ ਦੀ ਮਾਲਕ ਵੱਲੋਂ ਉਲੰਘਣਾ ਕੀਤੀ ਗਈ ਤਾਂ ਮਹਿਕਮੇ ਵੱਲੋਂ ਜਾਰੀ ਕੀਤਾ ਐਨ.ਓ.ਸੀ. ਬਿਨ੍ਹਾਂ ਕਿਸੇ ਨੋਟਿਸ ਦਿੱਤੇ ਰੱਦ ਕਰ ਦਿੱਤਾ ਜਾਵੇਗਾ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਨੰ:1,ਭ ਤੇ ਮ ਸ਼ਾਖਾ,
ਪਟਿਆਲਾ।

ਪਿੱਠ ਅੰਕਣ ਨੰਬਰ:

ਮਿਤੀ:

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ ਨੰ: 2, ਪਟਿਆਲਾ ਨੂੰ ਉਨਾਂ ਦੇ ਪੱਤਰ ਨੰ: 832 ਮਿਤੀ: 02.03.2016 ਦੇ ਸਬੰਧ ਵਿੱਚ ਡੀ.ਡੀ. ਨੰ: 204268 ਮਿਤੀ 05.03.2016 ਦੇ ਹਵਾਲੇ ਵਿੱਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਬੈਂਕ ਡਰਾਫਟ ਚਲਾਨ ਰਾਹੀਂ ਸਰਕਾਰੀ ਖਜਾਨੇ ਵਿੱਚ ਜਮ੍ਹਾ ਕਰਵਾਇਆ ਜਾਵੇ ਅਤੇ ਆਪਣੀ ਕੈਸ਼ ਬੁੱਕ ਵਿੱਚ ਦਰਜ਼ ਕਰ ਲਿਆ ਜਾਵੇ। ਚਲਾਨ ਦੀ ਕਾਪੀ ਦਫਤਰ ਨੂੰ ਭੇਜੀ ਜਾਵੇ।
ਨੱਥੀ/ ਡਰਾਫਟ

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਨੰ:1,ਭ ਤੇ ਮ ਸ਼ਾਖਾ,
ਪਟਿਆਲਾ।

Kiran Singla

Scanned by CamScanner